## ਯੂਕੇ ਦਾ 'ਹੀਰੋ' ਸੁਖਵਿੰਦਰ ਸਿੰਘ ਸਿੱਖ ਕੌਮ ਦਾ ਸ਼ਹੀਦ ਕਰਾਰ

### ਭਾਰਤ ਵਲੋਂ ਸਰਕਾਰੀ ਸਨਮਾਨ ਦੇਣ ਬਾਰੇ ਵਿਚਾਰਾਂ, ਸਿੱਖ ਅਜਾਇਬ ਘਰ 'ਚ ਲੱਗੇਗੀ ਤਸਵੀਰ

**ਅੰਮ੍ਰਿਤਸਰ/ਅੰਮ੍ਰਿਤਸਰ ਟਾਈਮਜ਼ ਬਿਊਰੋ**

ਇੰਗਲੈਂਡ ਵਿਚ ਲੁਟੇਰਿਆਂ ਵਲੋਂ ਕਿਸੇ ਔਰਤ ਦਾ ਪਰਸ ਖੋਹੇ ਜਾਣ 'ਤੇ ਉਸ ਦੀ ਮਦਦ ਲਈ ਲੁਟੇਰਿਆਂ ਨਾਲ



ਮੁਕਾਬਲੇ 'ਚ ਸ਼ਹੀਦ ਹੋਏ ਲੁਧਿਆਣਾ ਦੇ ਸ. ਸੁਖਵਿੰਦਰ ਸਿੰਘ ਢੋਲਣਵਾਲਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਿੱਖ ਕੌਮ ਦਾ ਸ਼ਹੀਦ ਕਰਾਰ ਦਿੱਤਾ ਗਿਆ ਹੈ। ਸਿੰਘ ਸਾਹਿਬ ਨੇ ਦੱਸਿਆ ਕਿ ਸ਼ਹੀਦ ਸੁਖਵਿੰਦਰ ਸਿੰਘ ਦਾ ਚਿੱਤਰ ਸਿੱਖ ਅਜਾਇਬ ਘਰ 'ਚ ਲਗਾਏ ਜਾਣ ਦਾ ਫੈਸਲਾ ਲਿਆ ਗਿਆ ਹੈ। 31 ਸਾਲਾ ਸੁਖਵਿੰਦਰ ਸਿੰਘ ਦੀ ਦਲੇਰੀ ਨੂੰ ਪੂਰੇ ਬ੍ਰਿਟੇਨ ਵਿੱਚ ਸਰਾਹਿਆ ਜਾ ਰਿਹਾ ਹੈ। ਉਸ ਨੇ ਪੂਰਬੀ ਲੰਡਨ ਦੇ ਬਾਰਕਿੰਗ ਸਟੇਸ਼ਨ ਦੇ ਬਾਹਰ ਇਕ ਇਸਤਰੀ ਤੋਂ ਪਰਸ ਖੋਹ ਕੇ ਦੌੜਨ ਵਾਲੇ ਦੋ ਲੁਟੇਰਿਆਂ ਦਾ ਪਿੱਛਾ ਕਰਕੇ ਉਨ੍ਹਾਂ ਨੂੰ ਕਾਬੂ ਕਰਨ ਦਾ ਯਤਨ ਕੀਤਾ ਜਿਸ 'ਤੇ ਉਨ੍ਹਾਂ ਨੇ ਚਾਕੂ ਮਾਰ ਕੇ ਸੁਖਵਿੰਦਰ ਦੀ ਹੱਤਿਆ ਕਰ ਦਿੱਤੀ ਸੀ। ਲੰਡਨ ਮੇਟਰੋਪੋਲੀਟਨ ਪੁਲਿਸ ਨੇ ਸੁਖਵਿੰਦਰ ਸਿੰਘ ਦੀ ਦਲੇਰੀ ਦੀ ਦਾਦ ਦਿੰਦਿਆਂ ਉਸ ਨੂੰ 'ਹੀਰੋ' ਕਰਾਰ ਦਿੱਤਾ ਸੀ। ਸੁਖਵਿੰਦਰ ਸਿੰਘ ਦਾ ਚੰਦ ਦਿਨ ਪਹਿਲਾਂ ਕੁਹਾੜਾ

**ਬਾਕੀ ਸਫ਼ਾ 38 'ਤੇ**

# ਦਿੱਲੀ ਦੀ ਤਿਹਾੜ ਜੇਲ੍ਹ 'ਚ ਬੰਦ ਹੈ ਹਾਈਜੈਕਰ ਪਰਮਿੰਦਰ ਸਿੰਘ ਸੈਣੀ

### ਭਾਰਤ 'ਚ ਨਾ ਮੁਕੱਦਮਾ, ਨਾ ਸ਼ਿਕਾਇਤ ਫਿਰ ਵੀ ਸੈਣੀ ਨੂੰ ਕੈਨੇਡਾ ਤੋਂ ਆਉਂਦਿਆਂ ਹੀ ਜੇਲ੍ਹ ਡੱਕ ਦਿੱਤਾ ਗਿਆ

**ਦਿੱਲੀ, ਟੋਰਾਂਟੋ/ਅੰਮ੍ਰਿਤਸਰ ਟਾਈਮਜ਼ ਬਿਊਰੋ**

ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਤੋਂ ਦੁਖੀ ਹੁੰਦਿਆਂ ਜਹਾਜ਼ ਅਗਵਾ ਕਰ ਕੇ ਪਾਕਿਸਤਾਨ ਲੈ ਜਾਣ ਵਾਲੇ ਸਿੱਖ ਨੌਜਵਾਨ ਪਰਮਿੰਦਰ ਸਿੰਘ ਸੈਣੀ ਉਰਫ਼ ਘਨੌਲੀ ਇਸ ਵਕਤ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਹਨ। ਕੈਨੇਡਾ ਸਰਕਾਰ ਵਲੋਂ ਡੀਪੋਰਟ ਕੀਤੇ ਜਾਣ ਉਪਰੰਤ ਭਾਰਤ ਪੁੱਜਦਿਆਂ ਹੀ ਦਿੱਲੀ ਦੇ ਹਵਾਈ ਅੱਡੇ ਤੋਂ ਉਨਾਂ ਨੂੰ ਸੁਰੱਖਿਆ ਏਜੰਸੀਆਂ ਵਲੋਂ ਗ੍ਰਿਫ਼ਤਾਰ ਕਰਕੇ ਨਜ਼ਰਬੰਦ ਕਰ ਦਿੱਤਾ ਗਿਆ ਸੀ। ਪਾਕਿਸਤਾਨ ਦੀ ਜੇਲ੍ਹ ਵਿਚ ਦਸ ਸਾਲ ਬਤੀਤ ਕਰਨ ਤੋਂ ਬਾਅਦ ਕੈਨੇਡਾ ਵਿਚ ਚੰਗੀ ਜ਼ਿੰਦਗੀ ਜਿਉਣ ਦਾ ਪਰਮਿੰਦਰ ਸਿੰਘ ਦਾ ਸੁਪਨਾ ਕੈਨੇਡਾ ਸਰਕਾਰ ਨੇ ਉਦੋਂ ਤੋੜ ਦਿਤਾ, ਜਦੋਂ ਉਸ ਨੂੰ ਭਾਰਤ ਵਾਪਸ ਭੇਜ ਦਿਤਾ ਗਿਆ। 25 ਸਾਲਾਂ ਬਾਅਦ ਵੀ ਕੇਂਦਰ ਸਰਕਾਰ ਦੀ ਸ਼ਹਿ 'ਤੇ ਕੈਨੇਡਾ ਸਰਕਾਰ ਨੇ ਬਦਲਾਖੋਰੀ ਦੀ ਭਾਵਨਾ ਨਹੀਂ ਛੱਡੀ। ਨਾ ਤਾਂ ਉਸ ਨੂੰ ਕੈਨੇਡਾ ਦੀ ਨਾਗਰਿਕਤਾ ਦਿਤੀ ਤੇ ਨਾ ਹੀ ਟੋਰਾਂਟੋ 'ਚ ਵਕਾਲਤ ਕਰਨ ਦੀ ਇਜਾਜ਼ਤ ਦਿਤੀ ਸਗੋਂ ਸਖ਼ਤੀ ਦਾ ਕੁਹਾੜਾ ਚਲਾ ਕੇ ਉਸ ਨੂੰ ਭਾਰਤ ਵਾਪਸ ਭੇਜ ਦਿਤਾ। ਹੁਣ ਇਸ ਗੱਲ ਦੇ ਕਿਆਸੇ ਲਗਾਏ ਜਾ ਰਹੇ ਹਨ ਕਿ ਭਾਰਤ ਸਰਕਾਰ ਦੀਆਂ ਕੇਂਦਰੀ ਏਜੰਸੀਆਂ ਕੀ ਫ਼ੈਸਲਾ ਲੈਂਦੀਆਂ ਹਨ? ਪੁਛਗਿਛ ਕਰ ਕੇ ਛਡਦੀਆਂ ਹਨ ਜਾਂ ਨਹੀਂ। ਬੈਰਿਸਟਰ ਪਰਮਿੰਦਰ ਸਿੰਘ ਸੈਣੀ ਬਾਰੇ ਵਕੀਲਾਂ ਦੀ



**ਬਲੂ ਸਟਾਰ ਆਪ੍ਰੇਸ਼ਨ ਦੇ ਰੋਸ ਵਿਚ ਇੰਡੀਅਨ ਏਅਰਲਾਈਨ ਦਾ ਜਹਾਜ਼ ਅਗਵਾ ਕਰਕੇ ਲੈ ਗਏ ਸਨ ਲਾਹੌਰ**

ਸੰਸਥਾ 'ਲਾਇਰਜ਼ ਫਾਰ ਹਿਊਮਨ ਰਾਈਟਸ' ਨੇ ਸਵਾਲ ਉਠਾਉਂਦਿਆਂ ਕਿਹਾ ਹੈ ਕਿ ਆਖ਼ਰ ਉਸ ਨੂੰ ਕਿਸ ਜੁਰਮ ਅਧੀਨ ਇਹ ਸਜ਼ਾ ਦਿੱਤੀ ਜਾ ਰਹੀ ਹੈ, ਜਦਕਿ ਉਸ ਦੇ ਖਿਲਾਫ ਭਾਰਤ ਵਿਚ ਕੋਈ ਵੀ ਮੁਕੱਦਮਾ ਜਾਂ ਸ਼ਿਕਾਇਤ ਦਰਜ ਨਹੀਂ ਹੈ। ਸੰਸਥਾ ਦੇ ਜਨਰਲ ਸਕੱਤਰ ਐਡਵੋਕੇਟ ਨਵਕਿਰਨ ਸਿੰਘ ਅਤੇ ਐਡਵੋਕੇਟ ਟੀਐਸ ਸੂਦਨ ਨੇ ਦਸਿਆ ਕਿ 6 ਜੁਲਾਈ 1984 ਨੂੰ ਇੰਡੀਅਨ ਏਅਰ ਲਾਈਨ ਦਾ ਜਹਾਜ਼ ਸ੍ਰੀਨਗਰ ਤੋਂ ਹਾਈਜੈਕ ਕਰਕੇ ਲਾਹੌਰ ਲੈ ਜਾਣ ਸਮੇਂ ਕਿਸੇ ਦੀ ਵੀ ਹਤਿਆ ਨਹੀਂ ਕੀਤੀ ਗਈ ਸੀ ਪਰ ਫਿਰ ਵੀ ਪਾਕਿਸਤਾਨ 'ਚ ਪਰਮਿੰਦਰ ਸਿੰਘ ਨੂੰ ਮੌਤ ਦੀ ਸਜ਼ਾ ਦਿਤੀ ਗਈ, ਜਿਹੜੀ ਕਿ 1987 'ਚ ਉਮਰ ਕੈਦ ਵਿਚ ਬਦਲ ਦਿਤੀ ਗਈ। ਹੁਣ ਵੀ ਪਰਮਿੰਦਰ ਸਿੰਘ ਵਿਰੁਧ ਭਾਰਤ ਵਿਚ ਕੋਈ ਕੇਸ ਨਹੀਂ ਹੈ। ਪਾਕਿਸਤਾਨ ਦੀ ਜੇਲ ਵਿਚ ਹੀ ਬੀ.ਏ ਕਰਨ ਤੇ 1995 ਵਿਚ ਕੈਨੇਡਾ ਪੁੱਜੇ ਇਸ ਸਿੱਖ ਨੌਜਵਾਨ ਨੇ ਉਥੇ ਕਾਨੂੰਨ ਦੀ ਡਿਗਰੀ ਪ੍ਰਾਪਤ ਕੀਤੀ ਪਰ ਕੈਨੇਡਾ ਸਰਕਾਰ ਨੇ ਵਿਤਕਰਾ ਕਰ ਕੇ ਉਸ ਨੂੰ ਵਕਾਲਤ ਕਰਨ ਦੀ ਇਜਾਜ਼ਤ ਨਹੀਂ ਦਿਤੀ। ਨਵਕਿਰਨ ਸਿੰਘ ਨੇ ਕਿਹਾ ਕਿ ਪਰਮਿੰਦਰ ਸਿੰਘ ਸੈਣੀ ਉਪਰ ਕੌਮੀ ਸੁਰੱਖਿਆ ਐਕਟ ਨਹੀਂ ਲਗਾਇਆ ਜਾ ਸਕਦਾ। ਉਨ੍ਹਾਂ ਦਸਿਆ ਕਿ ਸਿੱਖ ਕੌਮ ਨਾਲ ਬਹੁਤ ਜ਼ਿਆਦਾ ਵਿਤਕਰਾ ਅਤੇ ਨਾਇਨਸਾਫ਼ੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇੰਦਰਾ ਗਾਂਧੀ ਨੂੰ ਜੇਲ ਵਿਚੋਂ ਛੁਡਵਾਉਣ ਲਈ ਇਲਾਹਾਬਾਦ ਤੋਂ ਜਹਾਜ਼ ਅਗਵਾ ਕਰਨ ਵਾਲੇ ਪਾਂਡੇ ਭਰਾਵਾਂ ਨੂੰ ਕਾਂਗਰਸ ਨੇ ਰਾਜ ਸਭਾ ਦਾ ਮੈਂਬਰ ਬਣਾ ਦਿਤਾ ਸੀ ਪਰ ਸਾਕਾ ਨੀਲਾ ਤਾਰਾ

**ਬਾਕੀ ਸਫ਼ਾ 38 'ਤੇ**

### *ਪੰਜਾਬ ਰਤਨ ਅਬਿਨਾਸ਼ੀ ਸਿੰਘ ਨੂੰ ਯਾਦ ਕਰਦਿਆਂ*

# ਚੁੱਪ ਚੁਪੀਤੇ ਤੁਰ ਗਿਆ ਪੰਜਾਬ ਦਾ ਹੀਰਾ ਪੁੱਤਰ

**ਚਰਨਜੀਤ ਸਿੰਘ ਪੰਨੂ**

pannucs@yahoo.com

**ਸੈਨਹੋਜ਼ੇ** :ਸਰਸਰੀ ਕਾਗਜ਼ ਫੋਲਦਿਆਂ ਇੱਕ ਲਿਫਾਫਾ ਮੇਰੇ ਹੱਥ ਆ ਗਿਆ। ਵਿਚਲੀ ਇਬਾਰਤ ਪੜ੍ਹ ਕੇ ਮੈਨੂੰ ਆਪਣੇ ਆਪ ਤੇ ਗਿਲਾਨੀ ਤੇ ਪਛਤਾਵਾ ਜਿਹਾ ਹੋਇਆ ਕਿ ਮੈਂ ਇਤਨੀ ਪਿਆਰੀ ਚਿੱਠੀ ਦਾ ਜੁਆਬ ਨਹੀਂ ਦੇ ਸਕਿਆ। 'ਗਗਨ ਮੈਂ ਥਾਲ' ਸੰਸਥਾ ਦੇ ਸੰਸਥਾਪਕ, ਪੰਜਾਬ ਰਤਨ ਸ.ਅਬਨਾਸ਼ੀ ਸਿੰਘ ਪੰਜਾਬੀ ਦੇ ਉਘੇ ਸਾਹਿਤਕਾਰ ਦੀ ਤਸਵੀਰ ਮੇਰੇ ਸਾਹਮਣੇ ਆ ਗਈ। ਉਨ੍ਹਾਂ ਨੇ 'ਮਹਾਨ ਜੋਧੇ', 'ਅਮਰ ਸ਼ਹੀਦ', 'ਗੁਰਬਾਣੀ ਦੇ ਰਚੇਤਾ', 'ਪੰਜਾਬ ਦੇ ਸਿੱਖ ਗੁਰਦੁਆਰੇ', 'ਗੁਰੂ ਨਾਨਕ ਦੇਵ ਜੀ', ਸਮੇਤ ਧਾਰਮਿਕ ਤੇ ਸਿੱਖੀ ਸਿਧਾਂਤ ਬਾਰੇ ਇਕ ਦਰਜਨ ਦੇ ਕਰੀਬ ਅਤੇ ਅੰਗਰੇਜ਼ੀ 'ਹਿਸਟੋਰਿਕਲ ਰੈਲਿਕਸ ਆਫ ਪੰਜਾਬ' ਅਤੇ 'ਪੰਜਾਬੀ ਫ੍ਰੀਡਮ ਸਟਰਗਲ' ਦੋ ਪੁਸਤਕਾਂ ਲਿਖਿਆਂ। ਉਪਰੰਤ ਉਨ੍ਹਾਂ ਨੇ ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਸਥਿਤ ਆਪਣੇ ਘਰ ਵਿਖੇ ਪੰਜਾ ਬ ਦੇ ਭਗਤ ਕਬੀਰ, ਫਰੀਦ ਤੋਂ ਲੈ ਕੇ ਅੱਜ ਕਲ ਦੇ ਸਾਰੇ ਕਵੀਆਂ, ਸਾਹਿਤਕਾਰਾਂ ਅਤੇ ਜੋਧਿਆਂ ਦੀਆਂ ਤਸਵੀਰਾਂ ਇਕੱਠੀਆਂ ਕਰ ਕੇ ਇਕ ਨਿਵੇਕਲਾ ਅਜਾਇਬ ਘਰ ਬਣਾਇਆ ਹੋਇਆ ਹੈ ਜੋ ਵੇਖਣਯੋਗ ਹੈ। ਗਿਆਨੀ ਜੈਲ ਸਿੰਘ ਨੇ ਉਨ੍ਹਾਂ ਦੀਆਂ ਪ੍ਰਾਪਤੀਆਂ ਤੇ ਉਨ੍ਹਾਂ ਨੂੰ 'ਪੰਜਾਬ ਰਤਨ' ਦੀ ਉਪਾਧੀ ਨਾਲ ਸਨਮਾਨਤ ਕੀਤਾ ਸੀ। ਪਿਛਲੇ ਦਿਨੀਂ ਸਾਥੋਂ ਸਦਾ ਸਸਾ ਲਈ ਵਿਛੜ ਗਏ ਇਸ ਮਿੱਤਰ ਪਿਆਰੇ ਵਲੋਂ ਲਿਖੀ ਚਿੱਠੀ ਪੜ੍ਹਦਾ ਹਾਂ:

ਚਰਨਜੀਤ ਸਿੰਘ ਪੰਨੂ ਜੀ, ਤੁਹਾਡੀ 'ਅੰਬਰ ਦੀ ਫੁਲਕਾਰੀ' ਵੇਖ ਰਿਹਾ ਸੀ। ਇੰਜ ਮਹਿਸੂਸ ਹੋਇਆ ਕਿ ਜਿਵੇਂ ਸੱਚੀਂ ਮੁੱਚੀਂ ਅੰਬਰੋਂ ਉਤਰੀ ਹੋਵੇ। ਤੁਸੀਂ ਫੁਰਮਾਇਆ ਹੈ:-

'ਜ਼ਿੰਦਗੀ-ਧੜਕਣ ਧਰਤੀ ਦੀ, ਮੌਤ-ਇੱਕ ਖਲਾਅ ਧਰਤੀ ਦੇ ਉਹਲੇ।

ਬਹਾਰ-ਤੋਹਫਾ ਪ੍ਰਕਿਰਤੀ ਦਾ, ਪਰਵਾਸ-ਪ੍ਰਿੰਦਆਂ ਦੀ,ਪ੍ਰਦੇਸੀ ਜਨੂਨੀਆਂ ਦੀ, ਸੁਨਹਿਰੀ ਸੁਪਨਿਆਂ ਦੀ ਤਲਾਸ਼, ਪੂਰਤੀ/ਅਪੂਰਤੀ, ਇੱਕ ਜੂਆ।'

ਜੇ ਕਰ ਮੇਰੇ ਪਾਸੋਂ ਸੱਚ ਪੁੱਛੋ ਤਾਂ ਜ਼ਿੰਦਗੀ ਖ਼ਾਬ ਹੈ, ਖ਼ਾਬ ਮੇਂ ਸੱਚ ਹੈ ਕਿਆ ਔਰ ਭਲਾ ਝੂਠ ਹੈ ਕਿਆ, ਸਭ ਸੱਚ ਹੈ। ਦਿਲ ਨੇ ਹਮ ਕੋ ਜੋ ਕਹਾ,ਹਮ ਨੇ ਵੈਸਾ ਹੀ ਕੀਆ। ਫਿਰ ਕਭੀ ਫੁਰਸਤ ਮੇਂ ਸੋਚੇਂਗੇ ਬੁਰਾ ਯਾ ਭਲਾ ਕਿਆ।

ਵੈਸੇ ਸੱਚ ਮੰਨੋ ਤਾਂ ਤੁਹਾਡੀਆਂ ਰਚਨਾਵਾਂ ਪੜ੍ਹਨ ਵਾਸਤੇ, ਦਿਲ ਕਾ ਹਾਲ ਸੁਨੇ ਦਿਲ ਵਾਲਾ, ਸੀਧੀ ਸੀ ਬਾਤ ਨਾ ਮਿਰਚ ਮਸਾਲਾ, ਕਹਿ ਕੇ ਰਹੇਗਾ ਕਹਿਣੇ ਵਾਲਾ। ਤੁਸੀਂ ਪੰਨਾ 60 ਤੇ ਲਿਖਿਆ ਹੈ : –ਹਨੇਰਗਰਦੀ–



ਹਨੇਰ ਨਗਰੀ ਚੌਪਟ ਰਾਜਾ, ਰਪਟ ਕਰਨ ਕਿਸ ਸਾਸ਼ਕ ਕੋਲ।

ਸ਼ੀਂਹ ਸ਼ਿਕਾਰੀ ਝਪਟ ਪੈਣ ਕਦ, ਧੁੜਕੂ ਕੁੱਲ ਸ਼ਿਕਾਰਾਂ ਨੂੰ।

ਘਰ ਦਾ ਖੁਫੀਆ ਤੇ ਸੱਪ ਘਾਹ ਦਾ, ਖਤਰਨਾਕ ਹਨ ਦੋਵੇਂ,

ਸ਼ਹਿ ਮਾਰ ਕੇ ਵਾਰ ਨੇ ਕਰਦੇ, ਲਾਉਂਦੇ ਸੰਨ੍ਹ ਇਤਬਾਰਾਂ ਨੂੰ।

ਤੁਹਾਡੇ ਵਿਚਾਰ, ਸੋਚ, ਪ੍ਰਵਾਜ਼, ਅੰਦਾਜ਼ੇ ਬਿਆਂ ਸਮੇਂ ਤੋਂ ਕੁਝ ਅਡਵਾਂਸ ਹੈ। ਜੋ ਤੁਸੀਂ ਅੱਜ ਕਹਿ ਰਹੇ ਹੋ, ਉਹੀ ਗੱਲ ਸ਼ਾਇਰ ਦੋ ਚਾਰ ਸਾਲ ਬਾਦ ਕਹਿਣਗੇ, ਲਿਖਣਗੇ, ਤੇ ਫਿਰ ਕਹਿ ਉਠਣਗੇ, ਕਿ ਇਹ ਤਾਂ ਪੰਨੂ ਜੀ 2008 ਵਿੱਚ ਕਹਿ ਰਹੇ ਸੀ ਜੋ ਅਸੀਂ ਅੱਜ ਕਹਿ ਰਹੇ ਹਾਂ।'

'ਤੇਰੇ ਮੇਰੇ= ਇਹ ਨਰਕ, ਬਖੇੜੇ, ਦਗੇ, ਘਿਰਣਾਂ, ਲੜਾਈਆਂ, ਤਲਖੀਆਂ, ਕਠੋਰਤਾ, ਝਗੜੇ ਝੇੜੇ, ਰੋਣੇ ਧੋਣੇ, ਕਿੱਲਤਾਂ, ਵਿਤਕਰਾ, ਸਾੜਾ, ਤੇਰੇ ਅੰਦਰ ਤੇਰੇ ਲਈ।—ਦ੍ਰਿੜਤਾ, ਆਤਮ ਵਿਸ਼ਵਾਸ਼, ਸਵੈਮਾਣ, ਅਣਖ, ਭਰੋਸਾ, ਚੜ੍ਹਦੀ ਕਲਾ, ਰੋਸ਼ਨੀ, ਆਜ਼ਾਦੀ, ਉਜਾਲਾ, ਮਰਦਾਨਗੀ, ਦੀਵਾਨਗੀ, ਮੇਰੇ ਅੰਦਰ ਮੇਰੇ ਲਈ, ਮੇਰੇ ਨੇ ਸਭ ਮੇਰੇ ਨੇ।' ਇਹ ਗੱਲ ਪੰਨੂ ਹੀ ਕਹਿ ਸਕਦਾ ਹੈ। ਸ਼ਬਦਾਂ ਦੀ ਚੋਣ, ਵੋਕੈਬੁਲਰੀ ਪਤਾ ਨਹੀਂ ਲਗਦਾ ਇਹ ਸਭ ਕੁਝ ਕਹਾਂ ਸੇ ਆ ਗਿਆ।

ਪੰਨੂ ਜੀ ਅਣਜੰਮੀ ਆਵਾਜ਼ ਪੜ੍ਹ ਕੇ ਮੈਂ ਆਪ ਜਜ਼ਬਾਤੀ ਹੋ ਗਿਆ।

ਮਾਏਂ ਨੀ, ਤੈਨੂੰ ਕੀ ਹੋਇਆ? ਮੂੰਹ ਤੇਰਾ ਕੁਝ ਰੋਇਆ ਰੋਇਆ।

ਦਾਦੀ ਮਾਂ ਦੀ ਨੀਯਤ ਮਾੜੀ, ਗੈਸ ਉੱਤੇ ਉਸ ਤੌੜੀ ਚਾੜ੍ਹੀ।

ਬੁੱਕਲ ਵਿੱਚ ਛੁਪਾ ਲੈ ਮੈਨੂੰ, ਬੁੱਚੜਾਂ ਕੋਲੋਂ ਬਚਾ ਲੈ ਮੈਨੂੰ।....

ਨਰਸ ਭੈਣ ਵੀ ਆ ਜਾਊ ਛੇਤੀ,ਰਹਿੰਦਾ ਕੰਮ ਮੁਕਾ ਜਾਊ ਛੇਤੀ।

ਸੁਣ ਲਿਆ ਮੈਂ ਆਪਣੀ ਕੰਨੀਂ, ਅੰਮੀਏਂ ਇਹ ਹੁਕਮ ਨਾ ਮੰਨੀ।

ਪੰਨੂ ਦੀ ਇਹ ਪੁਕਾਰ ਨੀ ਅੰਮੀਏਂ, ਮੈਨੂੰ ਕੁੱਖ ਦੇ ਵਿੱਚ ਨਾ ਮਾਰ ਨੀ ਅੰਮੀਏ।

ਪੰਨੂ ਜੀ ਇਹ ਜੋ ਕੁਝ ਤੁਹਾਨੂੰ ਪੜ੍ਹਨ ਨੂੰ ਮਿਲੇਗਾ, ਮੈਨੂੰ ਪਤਾ ਨਹੀਂ ਕੌਣ ਲਿਖ ਗਿਆ। ਇਹ ਪੱਤਰ ਧੁਰ ਦੀ ਆਵਾਜ਼ ਤੇ ਮੇਰੀ ਦੀਵਾਨਗੀ ਦਾ ਸਬੂਤ ਹੈ। ਹਾਂ, ਇਸ ਪੱਤਰ ਦਾ ਉਤਰ ਜ਼ਰੂਰ ਦੇਣਾ, ਭਾਵੇਂ ਵਾਪਿਸ ਜਾ ਕੇ ਕੈਲੀਫੋਰਨੀਆ ਸੈਨਜ਼ੋਸੇ ਤੋਂ। ਵੱਧ ਘੱਟ ਦੀ ਖਿਮਾ। ਸਤਿਕਾਰ ਤੇ ਧੰਨਵਾਦ ਸਹਿਤ, ਆਪ ਜੀ ਦਾ ਵਿਸ਼ਵਾਸ਼ ਪਾਤਰ, ਅਬਨਾਸ਼ੀ ਸਿੰਘ {ਪੰਜਾਬ ਰੱਤਨ}।'

ਜੁਆਬ ਲਿਖਣ ਦੀ ਸੋਚਦਾ ਹਾਂ ਕਿ ਖ਼ਬਰ ਮਿਲ ਜਾਂਦੀ ਹੈ ਕਿ ਅਬਨਾਸ਼ੀ ਸਿੰਘ ਇਸ ਜਹਾਨ ਨੂੰ ਅਲਵਿਦਾ ਕਹਿ ਗਏ ਹਨ। **ਉਨ੍ਹਾਂ ਦਾ ਇਕ ਫੋਟੋ ਕਲਾਕਾਰ ਬੇਟਾ ਗੁਰਵਿੰਦਰ ਸਿੰਘ ਫਰੀਮੌਂਟ ਰਹਿੰਦਾ ਹੈ ਜਿਸ ਦਾ ਫੋਨ ਨੰਬਰ 408 930 7575 ਹੈ।**

ਮੇਰਾ ਇਕ ਹੋਰ ਦੋਸਤ ਇੱਕੋ ਸਮੇ ਚੋਟੀ ਦਾ ਸ਼ਾਇਰ ਤੇ ਚਿਤਰਕਾਰ ਕੰਵਰ ਇਮਤਿਆਜ਼, ਜੋ ਹਰ ਸਮੇਂ ਸਾਹਿਤ ਸਮਾਗਮਾਂ ਵਿੱਚ ਫੁੱਲਾਂ ਵਾਂਗ ਖਿੜੇ ਮੱਥੇ ਮਿਲਦਾ ਤੇ ਉਸ ਦੀ ਮਿੱਠੇ ਸ਼ਬਦਾਂ ਦੀ ਚੋਣ ਮਾਹੌਲ ਵਿੱਚ ਖ਼ੂਬਸੂਰਤ ਖੁਸ਼ਬੂਆਂ ਖਿੰਡਾ ਦਿੰਦੀ ਸੀ, ਵੀ ਇੰਨ੍ਹੀ ਦਿਨੀਂ ਅਧੂਰੀ ਉਮਰੇ ਰੁਖ਼ਸਤ ਹੋ ਗਿਆ ਹੈ। ਇਨ੍ਹਾਂ ਦੋਹਾਂ ਹਸਤੀਆਂ ਨਾਲ ਪੰਜਾਬੀ ਸਾਹਿਤ ਨੂੰ ਨਾ ਪੂਰਨਯੋਗ ਘਾਟਾ ਪਿਆ ਹੈ। ਮੈਂ ਬਹੁਤ ਭਰੇ ਮਨ ਨਾਲ ਇਨਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਦੁਖੀ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਹਾਂ।